Taxi & Limousine Commission

# ਡ੍ਰਾਈਵਰ ਸੰਸਾਧਨ

COVID-19 ਸਿਹਤ ਸੰਕਟ ਦੇ ਦੌਰਾਨ, TLC ਅਤੇ ਸਿਟੀ ਦੁਆਰਾ TLC ਡਰਾਈਵਰਾਂ, ਵਾਹਨਾਂ ਦੇ ਮਾਲਕਾਂ ਅਤੇ ਕਾਰੋਬਾਰਾਂ ਦੀ ਸਹਾਇਤਾ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ। TLC ਲਾਇਸੈਂਸ ਧਾਰਕ **ਡਰਾਈਵਰ ਸਰੋਤ ਕੇਂਦਰ** ਦਾ ਲਾਭ ਲੈ ਸਕਦੇ ਹਨ, ਜੋ ਵਿੱਤੀ ਸਲਾਹ ਅਤੇ ਕਾਨੂੰਨੀ ਸੇਵਾਵਾਂ ਅਤੇ ਹੋਰ ਉਪਯੋਗੀ ਮੁਫ਼ਤ ਸਿਟੀ ਸਰੋਤ ਮੁਹੱਈਆ ਕਰਦਾ ਹੈ, ਜਿਵੇਂ ਸਿਹਤ ਸੰਭਾਲ ਬੀਮਾ, ਮਾਨਸਿਕ ਸਿਹਤ ਬਾਰੇ ਸਰੋਤ ਅਤੇ ਹੋਰ ਬਹੁਤ ਕੁਝ।
ਤੁਹਾਡੇ ਲਈ ਉਪਲਬਧ ਸਰੋਤਾਂ ਬਾਰੇ ਹੋਰ ਜਾਣਨ ਲਈ ਹੇਠਾਂ ਦਿੱਤੇ ਲਿੰਕਾਂ ਦੀ ਵਰਤੋਂ ਕਰੋ।
ਸਿਹਤ ਵਿਭਾਗ ਤੋਂ ਨਵੀਨਤਮ ਮਾਰਗ-ਦਰਸ਼ਨ ਲਈ ਅਤੇ ਸਿਟੀ ਤੋਂ COVID-19 ਬਾਰੇ ਹੋਰ ਸਰੋਤਾਂ ਲਈ, **nyc.gov/coronavirus** 'ਤੇ ਜਾਓ।

## ਡਰਾਈਵਰ ਸਰੋਤ ਕੇਂਦਰ

**ਡਰਾਈਵਰ ਸਰੋਤ ਕੇਂਦਰ** ਇੱਕ ਅਜਿਹੀ ਜਗ੍ਹਾ ਹੈ ਜਿੱਥੇ ਡਰਾਈਵਰ ਵਿੱਤੀ ਸਲਾਹ, ਕਾਨੂੰਨੀ ਸੇਵਾਵਾਂ, ਸਿਹਤ ਅਤੇ ਮਾਨਸਿਕ ਸਿਹਤ ਦੇ ਸਰੋਤਾਂ ਅਤੇ ਜਨਤਕ ਲਾਭਾਂ ਲਈ ਐਪਲੀਕੇਸ਼ਨ ਸੰਬੰਧੀ ਮੁਫ਼ਤ ਸਹਾਇਤਾ ਮੰਗ ਸਕਦੇ ਹਨ। **ਅੱਜ ਹੀ ਅਪਾਇੰਟਮੈਂਟ ਨਿਯਤ ਕਰੋ।**

- ਅਪਾਇੰਟਮੈਂਟ ਕਿਵੇਂ ਨਿਯਤ ਕਰਨੀ ਹੈ
- ਆਮ ਪੁੱਛੇ ਜਾਣ ਵਾਲੇ ਸਵਾਲ
- ਡਰਾਈਵਰ ਸਰੋਤ ਕੇਂਦਰ ਦਾ ਪਰਚਾ

## ਨਿਊ ਯਾਰਕ ਪ੍ਰਦੇਸ਼ ਦੇ ਬੇਰੁਜ਼ਗਾਰੀ ਲਾਭ

TLC ਦੇ ਅਜਿਹੇ ਲਸੰਸਧਾਰਕ ਡ੍ਰਾਈਵਰ ਜਿਨ੍ਹਾਂ ਨੂੰ ਕੋਵਿਡ-19 (COVID-19) ਜਨਤਕ ਸਿਹਤ ਐਮਰਜੈਂਸੀ ਦੇ ਨਤੀਜੇ ਵਜੋਂ ਕਮਾਈ ਦੀ ਹਾਨੀ ਹੋਈ ਹੋ ਸਕਦੀ ਹੈ, ਉਨ੍ਹਾਂ ਨੂੰ ਬੇਰੁਜ਼ਗਾਰੀ ਲਾਭਾਂ ਲਈ NYS ਕਿਰਤ ਵਿਭਾਗ (NYS Department of Labor) ਨੂੰ ਅਰਜ਼ੀ ਦੇਣੀ ਚਾਹੀਦੀ ਹੈ।

ਜਿਹੜੇ ਡ੍ਰਾਈਵਰਾਂ ਨੂੰ NYS ਕਿਰਤ ਵਿਭਾਗ ਵੱਲੋਂ ਕਰਮਚਾਰੀਆਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਉਹ ਰਵਾਇਤੀ ਬੇਰੁਜ਼ਗਾਰੀ ਬੀਮਾ (UI) ਲਾਭਾਂ ਲਈ ਪਾਤਰ ਹਨ। ਇਸ ਵੈਬਸਾਈਟ 'ਤੇ ਜਾ ਕੇ ਔਨਲਾਈਨ ਅਰਜ਼ੀ ਦਿਓ labor.ny.gov/signin।

Taxi & Limousine Commission

TLC-ਲਸੰਸਧਾਰਕ ਡ੍ਰਾਈਵਰ ਜੋ ਆਪਣੇ ਰੋਜ਼ਗਾਰ ਦੇ ਆਪ ਮਾਲਕ ਹਨ/ਸੁਤੰਤਰ ਠੇਕੇਦਾਰ ਹਨ, ਉਹ ਹੁਣ ਫੈਡਰਲ ਕੇਅਰਜ਼ ਐਕਟ ਦੁਆਰਾ ਪ੍ਰਦਾਨ ਕੀਤੇ ਵਿਸਤ੍ਰਿਤ ਬੇਰੁਜ਼ਗਾਰੀ ਬੀਮੇ (UI) ਦੇ ਰਾਹੀਂ ਮਹਾਂਮਾਰੀ ਬੇਰੁਜ਼ਗਾਰੀ ਸਹਾਇਤਾ (Pandemic Unemployment Assistance, PUA) ਲਈ ਪਾਤਰ ਹਨ। ਮਹਾਂਮਾਰੀ ਬੇਰੁਜ਼ਗਾਰੀ ਸਹਾਇਤਾ (PUA) ਲਾਭਾਂ ਲਈ ਵਿਚਾਰੇ ਜਾਣ ਵਾਸਤੇ, ਤੁਹਾਨੂੰ ਸਭ ਤੋਂ ਪਹਿਲਾਂ ਪ੍ਰਦੇਸ਼ ਦੇ ਕਿਰਤ ਵਿਭਾਗ (State Department of Labor) ਨੂੰ ਅਰਜ਼ੀ ਦੇਣੀ ਚਾਹੀਦੀ ਹੈ।

**ਤੁਹਾਨੂੰ ਕੀ ਕਰਨਾ ਚਾਹੀਦਾ ਹੈ:**

- ਇਸ ਵੈਬਸਾਈਟ 'ਤੇ ਜਾ ਕੇ ਔਨਲਾਈਨ ਅਰਜ਼ੀ ਦਿਓ labor.ny.gov/signin।
- ਫ਼ੋਨ ਰਾਹੀਂ ਅਰਜ਼ੀ ਦੇਣ ਲਈ ਇੱਥੇ ਕਾਲ ਕਰੋ 1-888-209-8124
- ਅਰਜ਼ੀ ਪ੍ਰਕਿਰਿਆ ਦਾ ਫਲੋਚਾਰਟ ਡਾਉਨਲੋਡ ਕਰਨ ਲਈ ਇੱਥੇ ਕਲਿਕ ਕਰੋ
- NYS ਕਿਰਤ ਵਿਭਾਗ ਵੱਲੋਂ ਫੈਕਟਸ਼ੀਟ ਲਈ ਇੱਥੇ ਕਲਿਕ ਕਰੋ

**ਤੁਸੀਂ ਇਹ ਪ੍ਰਾਪਤ ਕਰਨ ਲਈ ਯੋਗ ਠਹਿਰਾਏ ਜਾ ਸਕਦੇ ਹੋ:**

- 39 ਹਫ਼ਤਿਆਂ ਦੇ UI ਜਾਂ PUA ਲਾਭ
- 31/7/2020 ਤਕ ਇੱਕ ਅਤਿਰਿਕਤ $600/ਹਫ਼ਤਾ

TLC-ਲਸੰਸਧਾਰਕ ਡ੍ਰਾਈਵਰ, ਬੇਰੁਜ਼ਗਾਰੀ ਬੀਮਾ (UI) ਲਾਭਾਂ ਜਾਂ ਮਹਾਂਮਾਰੀ ਬੇਰੁਜ਼ਗਾਰੀ ਸਹਾਇਤਾ (PUA) ਲਈ ਉਦੋਂ ਵੀ ਅਰਜ਼ੀ ਦੇ ਸਕਦੇ ਹਨ ਭਾਵੇਂ ਉਹ ਸੀਮਤ ਸੰਖਿਆ ਦੇ ਟ੍ਰਿਪਾਂ ਜਾਂ ਵਿਕਲਪਿਕ ਕੰਮ ਜਿਵੇਂ DeliveryTLC ਤੋਂ ਹਾਲੇ ਵੀ ਕੁਝ ਆਮਦਨੀ ਪ੍ਰਾਪਤ ਕਰ ਰਹੇ ਹਨ।

UI ਅਤੇ PUA ਲਾਭਾਂ ਦਾ ਸੰਚਾਲਨ NYS ਕਿਰਤ ਵਿਭਾਗ ਦੁਆਰਾ ਕੀਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ, ਕੇਅਰਜ਼ ਐਕਟ (CARES Act) ਵੈਬਸਾਈਟ 'ਤੇ ਜਾਓ ਜਾਂ ਕੋਰੋਨਾਵਾਇਰਸ ਐਮਰਜੈਂਸੀ ਦੇ ਦੌਰਾਨ UI ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ ਪੜ੍ਹੋ।

Taxi & Limousine Commission

# ਭੋਜਨ ਸਹਾਇਤਾ

ਸਾਰੇ ਨਿਊਯਾਰਕ ਵਾਸੀ ਪੂਰੇ ਸ਼ਹਿਰ ਵਿੱਚ ਭੋਜਨ ਪੈਂਟਰੀਆਂ ਅਤੇ ਮੀਲ ਹੱਬਸ ਤੋਂ ਮੁਫ਼ਤ ਭੋਜਨ ਪ੍ਰਾਪਤ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ, ਇੱਥੇ ਜਾਓ: **www.nyc.gov/GetFoodNYC**

# ਵਿੱਤੀ ਸਹਾਇਤਾ

## ਬਿਲਾਂ ਦਾ ਭੁਗਤਾਨ ਕਰਨ ਵਿੱਚ ਸੰਘਰਸ਼ ਕਰ ਰਹੇ ਹੋ?

**ਐਨਵਾਈਸੀ ਵਿੱਤੀ ਸਸ਼ਕਤੀਕਰਨ ਕੇਂਦਰ (NYC Financial Empowerment Center)** ਵਿਖੇ ਮੁਫ਼ਤ, ਗੁਪਤ ਵਿੱਤੀ ਸਲਾਹ ਪ੍ਰਾਪਤ ਕਰੋ।

ਕੋਵਿਡ-19 (COVID-19) ਬਾਰੇ ਮੌਜੂਦਾ ਸਿਹਤ ਚਿੰਤਾਵਾਂ ਅਤੇ ਬਹੁਤ ਜ਼ਿਆਦਾ ਸਮਾਜਕ ਦੂਰੀ ਦੀ ਲੋੜ ਦੇ ਕਾਰਨ, ਸਾਰੇ ਵਿੱਤੀ ਸਸ਼ਕਤੀਕਰਨ ਕੇਂਦਰ ਹੁਣ ਫ਼ੋਨ ਕਾਲ ਦੇ ਜ਼ਰੀਏ ਦੂਰੋਂ ਹੀ ਵਿੱਤੀ ਸਲਾਹ ਸੈਸ਼ਨ ਦੀ ਪੇਸ਼ਕਸ਼ ਕਰ ਰਹੇ ਹਨ। ਰਿਮੋਟ (ਦੂਰ-ਦੁਰੇਡੇ ਤੋਂ) ਵਿੱਤੀ ਸਲਾਹ ਅਪੋਇੰਟਮੈਂਟ ਤੈਅ ਕਰਨ ਲਈ, ਇੱਥੇ ਕਲਿਕ ਕਰੋ। ਰਿਮੋਟ ਵਿੱਤੀ ਸਲਾਹ ਅਪੋਇੰਟਮੈਂਟਾਂ ਬਾਰੇ ਵਧੇਰੇ ਜਾਣਕਾਰੀ ਲਈ, FAQ (ਅਕਸਰ ਪੁੱਛੇ ਜਾਂਦੇ ਸਵਾਲ) ਪੰਨਾ ਦੇਖੋ ਜਾਂ ਇੱਥੇ ਕਲਿਕ ਕਰੋ।

## ਛੋਟੀਆਂ ਕਾਰੋਬਾਰੀ ਸੇਵਾਵਾਂ

ਕੋਵਿਡ-19 (COVID-19) ਦੁਆਰਾ ਪ੍ਰਭਾਵਿਤ ਕਾਰੋਬਾਰਾਂ ਵਾਸਤੇ ਵਿੱਤੀ ਸਹਾਇਤਾ ਹੁਣ **US ਦੇ ਛੋਟੇ ਕਾਰੋਬਾਰਾਂ ਦੇ ਪ੍ਰਸ਼ਾਸਨ (Small Business Administration) (SBA) ਦੁਆਰਾ ਉਪਲਬਧ ਹੁੰਦੀ ਹੈ।**

SBA ਦੇ ਕਰਜ਼ੇ ਪਹਿਲਾਂ-ਆਓ-ਪਹਿਲਾਂ-ਪਾਓ ਦੇ ਆਧਾਰ ਉੱਤੇ ਉਪਲਬਧ ਹੋਣਗੇ, ਇਸਲਈ ਬਹੁਤ ਜ਼ਰੂਰੀ ਹੈ ਕਿ ਆਪਣੀ ਅਰਜ਼ੀ ਛੇਤੀ ਤੋਂ ਛੇਤੀ ਜਮ੍ਹਾਂ ਕਰੋ। ਜੇ ਤੁਹਾਡੇ ਐਸਬੀਏ ਪ੍ਰੋਗਰਾਮਾਂ ਬਾਰੇ ਕੋਈ ਸਵਾਲ ਹਨ, ਤਾਂ ਇੱਥੇ ਈਮੇਲ ਕਰੋ answerdesk@sba.gov

ਇੱਥੇ ਕਲਿਕ ਕਰੋ ਅਤੇ ਐਸਬੀਏ ਦੇ ਕੋਵਿਡ-19 (COVID-19) ਸਬੰਧੀ ਕਰਜ਼ੇ ਦੇ ਸਰੋਤਾਂ ਅਤੇ ਛੋਟੇ ਕਾਰੋਬਾਰ ਸਬੰਧੀ ਰਾਹਨੁਮਾਈ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ। SBA ਪ੍ਰੋਗਰਾਮਾਂ ਦੀ ਤੁਲਨਾ ਇੱਥੇ ਦੇਖੋ।

Taxi & Limousine Commission

## ਜਨਤਕ ਲਾਭਾਂ ਲਈ ਅਰਜ਼ੀ

ਸ਼ਹਿਰ ਦਾ ਮਾਨਵ ਸੰਸਾਧਨ ਪ੍ਰਸ਼ਾਸਨ (HRA) AccessHRA ਦੇ ਰਾਹੀਂ ਜਨਤਕ ਲਾਭਾਂ ਲਈ ਅਰਜ਼ੀ ਦੇਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ, ਜਿਸ ਵਿੱਚ ਪੂਰਕ ਪੋਸ਼ਣ ਸਹਾਇਤਾ ਪ੍ਰੋਗਰਾਮ (Supplemental Nutrition Assistance Program) (SNAP), ਨਕਦ ਸਹਾਇਤਾ, ਅਤੇ ਮੇਡੀਕੇਡ ਨਵੀਨੀਕਰਨ ਸ਼ਾਮਲ ਹਨ। ਵਧੇਰੇ ਜਾਣਕਾਰੀ ਲਈ ਇੱਥੇ ਕਲਿਕ ਕਰੋ।

## ਡ੍ਰਾਈਵਰ ਸੁਰੱਖਿਆ ਯੂਨਿਟ

ਡ੍ਰਾਈਵਰ ਸੁਰੱਖਿਆ ਯੂਨਿਟ (Driver Protection Unit) ਸਾਰੇ ਟੈਕਸੀ ਅਤੇ ਕਿਰਾਏ ਦੇ ਵਾਹਨ ਵਾਲੇ ਡ੍ਰਾਈਵਰਾਂ ਦੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਇਹ ਯੂਨਿਟ TLC ਲਸੰਸਧਾਰਕਾਂ ਦੁਆਰਾ ਦਰਜ ਕੀਤੀਆਂ ਸ਼ਿਕਾਇਤਾਂ ਦੀ ਜਾਂਚ-ਪੜਤਾਲ ਕਰਦਾ ਹੈ ਜੋ ਇਹ ਦੋਸ਼ ਲਗਾਉਂਦੇ ਹਨ ਕਿ ਉਹ ਗੈਰ-ਕਨੂੰਨੀ ਚਾਲ-ਚਲਨ ਦੇ ਅਧੀਨ ਹਨ, ਜਿਸ ਵਿੱਚ ਨਿਮਨਲਿਖਤ ਸ਼ਾਮਲ ਹਨ:

- ਡ੍ਰਾਈਵਰਾਂ ਨੂੰ ਉਹ ਭੁਗਤਾਨ ਕਰਨ ਵਿੱਚ ਅਸਫਲ ਹੋਣਾ ਜੋ ਉਨ੍ਹਾਂ ਨੇ ਟ੍ਰਿਪ ਲਗਾ ਕੇ ਕਮਾਇਆ ਹੈ
- ਡ੍ਰਾਈਵਰ ਦਾ ਸਕਊਰਿਟੀ ਡਿਪੋਜ਼ਿਟ ਵਾਪਸ ਕਰਨ ਵਿੱਚ ਅਸਫਲ ਹੋਣਾ
- ਡ੍ਰਾਈਵਰਾਂ ਨੂੰ TLC ਨਿਯਮਾਂ ਦੇ ਤਹਿਤ ਲੋੜੀਂਦੇ ਦਸਤਾਵੇਜ਼ਾਂ ਦੀ ਕਾਪੀਆਂ ਪ੍ਰਦਾਨ ਕਰਨ ਵਿੱਚ ਅਸਫਲਤਾ, ਜਿਸ ਵਿੱਚ ਲੀਜ਼ਾਂ ਅਤੇ ਰਸੀਦਾਂ ਸ਼ਾਮਲ ਹਨ
- ਲੀਜ਼ ਜਾਂ ਵਾਹਨ ਖਰੀਦ ਰਕਮਾਂ ਦਾ ਵਾਧੂ ਚਾਰਜ
- ਪਛਾਣ ਚੋਰੀ ਦੀਆਂ ਘਟਨਾਵਾਂ
- TLC ਨੂੰ ਸ਼ਿਕਾਇਤ ਦਰਜ ਕਰਨ ਦਾ ਬਦਲਾ ਲੈਣਾ

ਇਹ ਯੂਨਿਟ ਨਿਊ ਯਾਰਕ ਸ਼ਹਿਰ ਦੇ ਟੈਕਸੀ ਅਤੇ ਲਿਮੋਜ਼ਿਨ ਕਮੀਸ਼ਨ (New York City Taxi and Limousine Commission) ਨਿਯਮਾਂ ਦੀ ਵੀ ਸਮੀਖਿਆ ਕਰਦਾ ਹੈ ਤਾਂ ਜੋ ਪੂਰੇ ਨਿਊ ਯਾਰਕ ਸ਼ਹਿਰ ਵਿੱਚ ਡਾਈਵਰਾਂ ਦੇ ਅਧਿਕਾਰਾਂ ਵਿੱਚ ਸੁਧਾਰ ਕੀਤਾ ਜਾਏ ਅਤੇ ਡ੍ਰਾਈਵਰਾਂ ਦੇ ਅਧਿਕਾਰਾਂ ਦੀ ਨਿਯਮਿਤ ਸਿਖਲਾਈ ਪ੍ਰਦਾਨ ਕੀਤੀ ਜਾਏ। ਅੱਜ ਤਕ, ਇਸ ਯੂਨਿਟ ਨੇ ਡ੍ਰਾਈਵਰਾਂ ਨੂੰ $3.2 ਤੋਂ ਵਧ ਮਿਲਿਅਨ ਦੀ ਵਾਪਸੀ ਦੇਣ ਵਿੱਚ ਮਦਦ ਕੀਤੀ ਹੈ।

ਵਧੇਰੇ ਜਾਣਕਾਰੀ ਲਈ, (718) 391-5539 'ਤੇ ਕਾਲ ਕਰੋ ਜਾਂ **driverprotection@tlc.nyc.gov** 'ਤੇ

ਈਮੇਲ ਕਰੋ।

**ਸਬੰਧਿਤ ਜਾਣਕਾਰੀ:**

- ਟੈਕਸੀ ਫਲੀਟ ਡ੍ਰਾਈਵਰਾਂ ਦੇ ਬਿਲ ਆਫ ਰਾਈਟਸ (PDF)
- ਟੈਕਸੀ DOV ਡ੍ਰਾਈਵਰਾਂ ਦੇ ਬਿਲ ਆਫ ਰਾਈਟਸ (PDF)

## ਕਨੂੰਨੀ ਸੇਵਾਵਾਂ

- **ਲੀਗਲ ਸਰਵਿਸਿਜ਼ ਐਨਵਾਈਸੀ (Legal Services NYC)**
  - ਟੈਲੀਫ਼ੋਨ: 917-661-4500
  - ਵੈੱਬਸਾਈਟ: http://www.legalservicesnyc.org/
- **ਨਿਊ ਯਾਰਕ ਦਾ ਕਾਨੂੰਨੀ ਸਹਾਇਤਾ ਸਮੂਹ (New York Legal Assistance Group)**
  - ਟੈਲੀਫ਼ੋਨ: 212-613-5000
  - ਵੈੱਬਸਾਈਟ: https://nylag.org/
- **ਲੀਗਲ ਏਡ ਸੋਸਾਇਟੀ (Legal Aid Society)**
  - ਟੈਲੀਫ਼ੋਨ: 212-577-3300
  - ਵੈੱਬਸਾਈਟ: http://www.legal-aid.org/en/home.aspx
- **NYPIRG**
  - ਵੈੱਬਸਾਈਟ: https://www.nypirg.org/sccac/
- **ਲਾ ਹੈਲਪ ਐਨਵਾਈ (Law Help NY)**
  - ਵੈੱਬਸਾਈਟ: https://www.lawhelpny.org/

## ਵੋਟਰ ਰਜਿਸਟ੍ਰੇਸ਼ਨ

ਵੋਟ ਪਾਉਣ ਲਈ ਨਾਮ ਰਜਿਸਟਰ ਕਰਨ ਜਾਂ ਨਿਊ ਯੋਰਕ ਸਿਟੀ ਵਿੱਚ ਬੋਰਡ ਆਫ ਇਲੈਕਸ਼ਨ ਦੇ ਕੋਲ ਆਪਣੀ ਵੋਟਰ ਰਜਿਸਟ੍ਰੇਸ਼ਨ ਸਥਿਤੀ ਦੀ ਜਾਂਚ ਕਰਨ ਲਈ NYC ਦੀ ਬੋਰਡ ਆਫ਼ ਇਲੈਕਸ਼ਨ ਵੈੱਬਸਾਈਟ ਦੇਖੋ।